ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

5ਵੀਂ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ),
ਪੰਜਾਬ।

ਮੀਮੋ ਨੰ-ਈ-419729/2024 167258
ਮਿਤੀ - ਐਸ ਏ ਐਸ ਨਗਰ 11-07-2024

ਵਿਸ਼ਾ:- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1) ਅਤੇ (ਕੰਪੋਨੈਂਟ-2) ਸਕੀਮ ਅਧੀਨ ਸਾਲ 2024-25 ਦੌਰਾਨ ਐਸ.ਸੀ. ਵਿਦਿਆਰਥੀਆਂ ਦੇ ਖਾਤੇ (ਆਧਾਰ ਸੀਡਡ) ਖੁਲਵਾਉਣ ਸਬੰਧੀ।

ਹਵਾਲਾ- ਉਪਰੋਕਤ ਵਿਸ਼ੇ ਤੇ ਭਾਰਤ ਸਰਕਾਰ ਦੇ ਪੱਤਰ ਨੰ. K-14011/3/2024-SCD-V ਮਿਤੀ 05.06.2024 ਦੇ ਸਬੰਧ ਵਿਚ।

1.0 ਉਪਰੋਕਤ ਵਿਸ਼ੇ ਤੇ ਭਾਰਤ ਸਰਕਾਰ ਵਲੋਂ ਪ੍ਰਾਪਤ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਉਕਤ ਸਕੀਮ ਅਧੀਨ ਸਾਲ 2022-23 ਅਤੇ 2023-24 ਦੇ ਰਹਿੰਦੇ ਯੋਗ ਲਾਭਪਾਤਰੀ ਅਤੇ ਸਾਲ 2024-25 ਦੌਰਾਨ ਐਸ.ਸੀ. ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀਆਂ ਦੇ ਖਾਤੇ (ਜਿਨ੍ਹਾਂ ਵਿਦਿਆਰਥੀਆਂ ਵਲੋਂ ਅਜੇ ਅਪਲਾਈ ਕੀਤਾ ਜਾਣਾ ਹੈ) ਖੁਲਵਾਉਣ ਸਬੰਧੀ IPPB (India Post Payment Bank) ਬਰਾਂਚ ਮੈਨੇਜਰ ਨਾਲ ਰਾਬਤਾ ਕਾਇਮ ਕੀਤਾ ਜਾਵੇ (ਨੱਥੀ ਜਿਲ੍ਹਾ ਵਾਈਜ ਲਿਸਟ)।

2.0 IPPB (India Post Payment Bank) ਦੀ ਬਰਾਂਚ ਹਰੇਕ ਜਿਲ੍ਹੇ ਵਿਚ ਮੌਜੂਦ ਹੈ। IPPB ਵਲੋਂ ਖਾਤੇ zero balance ਤੇ ਖੋਲੇ ਜਾਣਗੇ। ਇਸ ਤੋਂ ਇਲਾਵਾ ਸਬੰਧਤ IPPB (India Post Payment Bank) ਵਲੋਂ ਵਿਦਿਆਰਥੀਆਂ ਦੇ ਖਾਤੇ ਖੋਲਣ ਸਬੰਧੀ ਕੈਂਪ ਵੀ ਲਗਾਏ ਜਾ ਸਕਦੇ ਹਨ।

3.0 ਇਸ ਤੋਂ ਇਲਾਵਾ ਜੇਕਰ ਵਿਦਿਆਰਥੀਆਂ ਦੇ ਬੈਂਕ ਖਾਤੇ ਜੋ ਕਿ ਪਹਿਲਾਂ ਤੋਂ ਹੀ ਖੁੱਲੇ ਹੋਏ ਹਨ, ਨਾ ਤਾਂ ਉਹ ਆਧਾਰ ਸੀਡਡ ਹਨ ਅਤੇ ਜੇਕਰ ਕੁਝ ਮਹੀਨੇ transaction ਨਹੀ ਹੁੰਦੀ ਤਾਂ ਸਬੰਧਤ ਬੈਂਕ ਵਲੋਂ ਬੈਂਕ ਖਾਤਾ inactive ਕਰ ਦਿੱਤਾ ਜਾਂਦਾ ਹੈ। ਜੇਕਰ IPPB (India Post Payment Bank) ਵਿਖੇ ਵਿਦਿਆਰਥੀਆਂ ਦੇ ਖਾਤੇ zero balance ਤੇ ਖੋਲੇ ਜਾਂਦੇ ਹਨ ਤਾਂ ਸਬੰਧਤ IPPB (India Post Payment Bank) ਵਲੋਂ ਵਿਦਿਆਰਥੀਆਂ ਦੇ ਖਾਤੇ ਖੋਲਣ ਉਪਰੰਤ ਨਾਲ ਦੀ ਨਾਲ ਹੀ ਖਾਤਾ ਆਧਾਰ ਸੀਡਡ ਕਰ ਦਿੱਤਾ ਜਾਵੇਗਾ ਅਤੇ ਜੇਕਰ IPPB (India Post Payment Bank) ਖਾਤੇ ਵਿਖੇ ਕੋਈ ਵੀ transaction ਨਹੀ ਹੁੰਦੀ ਤਾਂ 2 ਸਾਲ ਤੱਕ ਖਾਤਾ inactive ਨਹੀ ਕੀਤਾ ਜਾਂਦਾ ਹੈ।

4.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲ ਮੁਖੀਆਂ ਨੂੰ ਪੱਤਰ ਜਾਰੀ ਕਰਦੇ ਹੋਏ ਲਿਖਿਆ ਜਾਵੇ ਕਿ ਐਸ.ਸੀ. ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀਆਂ ਦੇ ਖਾਤੇ ਜੋ ਕਿ zero balance ਤੇ ਖੋਲੇ ਜਾਣੇ ਹਨ, ਤੁਰੰਤ ਖੁਲਵਾਏ ਜਾਣ ਅਤੇ ਖਾਤੇ ਖੁਲਵਾਉਣ ਉਪਰੰਤ ਉਨ੍ਹਾਂ ਨੂੰ ਆਧਾਰ ਸੀਡਿਡ ਵੀ ਕਰਵਾਇਆ ਜਾਵੇ ਤਾਂ ਜੋ ਹਰੇਕ ਯੋਗ ਲਾਭਪਾਤਰੀ ਉਕਤ ਸਕੀਮ ਦਾ ਲਾਭ ਉਠਾ ਸਕੇ ਅਤੇ ਕੋਈ ਵੀ ਯੋਗ ਲਾਭਪਾਤਰੀਆਂ ਖਾਤਾ ਆਧਾਰ ਸੀਡਡ ਨਾ ਹੋਣ ਕਾਰਨ ਵਜੀਫੇ ਦੀ ਅਦਾਇਗੀ ਤੋਂ ਵਾਂਝਾ ਨਾ ਰਹਿ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ – ਉਕਤ ਅਨੁਸਾਰ

ਹਸਤਾਖਰਤ 11.07.2024

ਸਹਾਇਕ ਡਾਇਰੈਕਟਰ (ਵਜੀਫਾ)
ਮਿਤੀ

ਪਿੱਠ ਅੰਕਣ-

ਉਪਰੋਕਤ ਦਾ ਉਤਾਰਾ Sh. Raminder Bir Singh, Circle Head, Punjab Circle, India Post Payments Bank Limited, Sector 29, Sub Post Office, S.C.F. No. 58-59, Sector 29/D, Chandigarh 160030 ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਕੀਤਾ ਜਾਂਦਾ ਹੈ।

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ), ਬਠਿੰਡਾ

ਪਿੱਠ ਅੰਕਣ ਨੰ: ਸੀ-5/1(7)/2024/1358 ਮਿਤੀ: 11-07-24

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ/ਏਡਿਡ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਜਰੂਰੀ ਬਣਦੀ ਹੈ। ਜਿਹੜੇ ਵਿਦਿਆਰਥੀਆਂ ਦੇ ਖਾਤੇ ਆਧਾਰ ਸੀਡ ਨਹੀਂ ਹੋਏ ਤਾਂ ਉਪਰੋਕਤ ਪੱਤਰ ਵਿੱਚ ਦਰਜ ਤਰੀਕੇ ਵਿੱਚ ਖਾਤਾ ਖੁਲਵਾਇਆ ਜਾਵੇ। ਜੋ ਸਾਲ 2024-25 ਦੌਰਾਨ ਸਕਾਲਰਸ਼ਿਪ ਲਈ ਯੋਗ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਜਾਵੇ ਕਿ ਖਾਤੇ Zero balance ਤੇ IPPB ਦੀ ਬ੍ਰਾਂਚ ਵਿੱਚ ਖੁਲਵਾਏ ਜਾਣ ਕਿਉਂਕਿ ਇਹ ਬੈਂਕ ਖਾਤਾ ਖੋਲਣ ਸਾਰ ਹੀ ਆਧਾਰ ਸੀਡ ਕਰ ਦਿੰਦਾ ਹੈ। ਜੋ ਉਪਰੋਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਕਿ ਭਵਿੱਖ ਵਿੱਚ ਕਿਸੇ ਨੂੰ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

11/7/24

ਜਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ
ਮਿਤੀ 11/7/24